ਸੇਵਾ ਵਿਖੇ,

ਰਾਜ ਦੇ ਸਮੂਹ

1. ਡਵੀਜਨਲ ਡਿਪਟੀ ਡਾਇਰੈਕਟਰ, ਪੰਚਾਇਤ।
2. ਮੁੱਖ ਕਾਰਜਕਾਰੀ ਅਫਸਰ, ਜਿਲਾ ਪ੍ਰੀਸ਼ਦ।
3. ਜਿਲਾ ਵਿਕਾਸ ਅਤੇ ਪੰਚਾਇਤ ਅਫਸਰ।
4. ਉਪ ਮੁੱਖ ਕਾਰਜਕਾਰੀ ਅਫਸਰ, ਜਿਲਾ ਪ੍ਰੀਸ਼ਦ।
5. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ।

ਮੀਮੋ ਨੰ: 1/1/2011 - ਈ ਪੰਚਾਇਤ / 7164-7367

ਮਿਤੀ : 22/7/2011

ਵਿਸ਼ਾ:- ਪੰਜਾਬ ਈ ਪੰਚਾਇਤ ਸੋਸਾਇਟੀ ਵਲੋਂ ਈ ਪੰਚਾਇਤ ਪ੍ਰੋਜੈਕਟ ਫੇਸ-1 ਤਹਿਤ 367 ਡਾਟਾ ਐਂਟਰੀ ਓਪਰੇਟਰ ਮੁਹੱਈਆ ਕਰਵਾਉਣ ਸਬੰਧੀ।

-----

ਆਪਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਪੰਜਾਬ ਈ ਪੰਚਾਇਤ ਸੋਸਾਇਟੀ ਵਲੋਂ ਈ ਪੰਚਾਇਤ ਪ੍ਰੋਜੈਕਟ ਫੇਸ-1 ਤਹਿਤ 367 ਡਾਟਾ ਐਂਟਰੀ ਓਪਰੇਟਰ ਅਤੇ 20 ਤਕਨੀਕੀ ਸਹਾਇਕ ਮੁਹੱਈਆ ਕਰਵਾਏ ਜਾ ਰਹੇ ਹਨ। ਇਸ ਕੰਮ ਲਈ ਲਈ ਚੁਣੀ ਹੋਈ ਕੰਪਨੀ **Tulip/Smart ID** ਵੱਲੋਂ ਭਰਤੀ ਕੀਤੇ ਗਏ ਡਾਟਾ ਐਂਟਰੀ ਓਪਰੇਟਰ ਦੀ ਲਿਸਟ ਸਮੇਂ ਸਮੇਂ ਸਿਰ ਵੈਬਸਾਈਟ (www.pbrdp.gov.in) ਉਪਰ ਅਪਡੇਟ ਕਰ ਦਿੱਤੀ ਜਾਵੇਗੀ। ਜਦ ਇਹ **DEO** ਆਪ ਪਾਸ ਰਿਪੋਰਟ ਕਰਨ ਤਾਂ ਉਹਨਾਂ ਦੀ ਯੋਗਤਾ ਸਰਟੀਫਿਕੇਟ ਚੈਕ ਕਰ ਲਈ ਜਾਣ। **DEO** ਦੀ ਯੋਗਤਾ **RFP** ਦੇ **Clause** 2.2 1F(6) ਅਨੁਸਾਰ ਹੋਣੀ ਚਾਹੀਦੀ ਹੈ (**RFP** ਦਾ ਪੰਨਾ ਨੰਬਰ-9)। ਜੇਕਰ ਕੋਈ ਊਨਤਾਈ ਪਾਈ ਜਾਂਦੀ ਹੈ ਤਾਂ ਤੁਰੰਤ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਜਾਵੇ। ਇਹ ਕੰਪਨੀ ਵੱਲੋਂ ਜਾਰੀ ਹੁਕਮਾਂ ਨਾਲ ਆਪ ਦੇ ਪਾਸ ਰਿਪੋਰਟ ਕਰਨਗ। ਇਹ ਡਾਟਾ ਐਂਟਰੀ ਓਪਰੇਟਰ ਈ ਪੰਚਾਇਤ ਸੂਟ ਦੀਆਂ 12 ਐਪਲੀਕੇਸ਼ਨਜ਼ ਅਤੇ ਇਸ ਤੋਂ ਇਲਾਵਾ ਸਮੇਂ ਸਮੇਂ ਸਿਰ ਵਰਤੋਂ ਵਿੱਚ ਆਉਣ ਵਾਲੀਆਂ ਹੋਰ ਐਪਲੀਕੇਸ਼ਨਜ਼ ਵਿੱਚ ਡਾਟਾ ਐਂਟਰ ਕਰਨ ਵਿੱਚ ਸਹਾਇਤਾ ਕਰਨਗੇ। ਤਕਨੀਕੀ ਸਹਾਇਕ ਵੱਖ-ਵੱਖ ਥਾਵਾਂ ਤੇ ਕੰਪਊਟਰਾਂ ਦੀ ਦੇਖ ਭਾਲ ਲਈ ਵੀ ਜਿੰਮੇਵਾਰ ਹੋਣਗੇ। ਇਹਨਾਂ ਡਾਟਾ ਐਂਟਰੀ ਓਪਰੇਟਰਾਂ ਵਲੋਂ ਆਪ ਵਲੋਂ ਮੁਹੱਈਆ ਕੀਤਾਂ ਗਿਆ ਡਾਟਾ ਫੀਡ ਕੀਤਾ ਜਾਵੇਗਾ। ਆਪ ਵਲੋ ਆਪਣਾ ਪਾਸਵਰਡ ਲਾਕੇ ਇਸ ਡਾਟੇ ਨੂੰ ਵੈਰੀਫਾਈ ਕਰਨ ਉਪਰੰਤ ਫਰੀਜ਼ ਕੀਤਾ ਜਾਵੇਗਾ। ਇਹਨਾਂ ਡਾਟਾ ਐਂਟਰੀ ਓਪਰੇਟਰਾਂ/ਤਕਨੀਕੀ ਸਹਾਇਕਾਂ ਨੂੰ ਤਨਖਾਹ ਕੰਪਨੀ ਵਲੋਂ ਦਿੱਤੀ ਜਾਵੇਗੀ। ਆਪ ਵਲੋਂ ਇਹਨਾਂ ਡਾਟਾ ਐਂਟਰੀ ਓਪਰੇਟਰਾਂ ਦੀ ਹਾਜਰੀ ਤਸਦੀਕ ਕਰਕੇ ਹਰ ਮਹੀਨੇ ਸਦਰ ਮੁਕਾਮ ਤੇ ਨਿਰਧਾਰਿਤ ਪ੍ਰਾਫਾਰਮੇ ਵਿੱਚ ਭੇਜੀ ਜਾਇਆ ਕਰੇਗੀ। ਡਾਟਾ ਐਂਟਰੀ ਓਪਰੇਟਰ ਮਹੀਨੇ ਬਾਦ ਆਪ ਤੋਂ ਇਕ ਛੁੱਟੀ ਲੈ ਸਕਦੇ ਹਨ। ਪੰਜ ਦਿਨਾਂ ਤੋਂ ਵੱਧ ਛੁੱਟੀ ਹੋਣ ਤੇ ਕੰਪਨੀ ਵੱਲੋ ਰੀਪਲੇਸਮੇਂਟ (ਬਦਲ) ਦਿੱਤਾ ਜਾਵੇਗਾ। ਡਾਟਾ ਐਂਟਰੀ ਓਪਰੇਟਰ ਹਾਜਰ ਹੋਣ ਉਪਰੰਤ ਤੁਰੰਤ ਆਪਣੇ ਕੰਮ ਤੇ ਲੱਗ ਜਾਣਗੇ। ਡਾਟਾ ਐਂਟਰੀ ਓਪਰੇਟਰ ਆਪਨੂੰ ਆਪਣੇ ਕੰਮਕਾਜ ਲਈ ਜਵਾਬਦੇਹ ਹੋਣਗੇ। ਵਧੇਰੇ ਜ਼ਾਣਕਾਰੀ ਲਈ **RFP** ਦੀ **Website** ਵੇਖੀ ਜਾ ਸਕਦੀ ਹੈ।

ਪ੍ਰਜੈਕਟ ਡਾਇਰੈਕਟਰ,(ਈ-ਪੰਚਾਇਤ)

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ।